Enlightened Soul Enlightened Vision

# ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਿਲੇਬਸ ਲਈ ਇੱਕ ਸੁਗਾਤ

# ਆਤਮ ਪਰਗਾਸ ਪੁਸਤਕ ਸੀਰੀਜ਼


## ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ

99 ਪ੍ਰੀਤ ਵਿਹਾਰ, ਪੱਖੋਵਾਲ ਰੋਡ, ਦਾਦ, ਲੁਧਿਆਣਾ-142022
ਫੋਨ: +91 82880-10531 / 32 / 33
ਈ-ਮੇਲ: atampargas@gmail.com
ਵੈਬਸਾਈਟ: www.atampargas.org
www.facebook.com/AtamPargasNews
www.youtube.com/user/atampargas1


ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਿਲੇਬਸ ਲਈ ਇੱਕ ਸੁਗਾਤ

## ਆਤਮ ਪਰਗਾਸ ਪੁਸਤਕ ਸੀਰੀਜ਼










## ਆਤਮ ਪਰਗਾਸ ਪੁਸਤਕ ਸੀਰੀਜ਼ ਨੂੰ ਸਕੂਲ ਸਿਲੇਬਸ ਵਿਚ ਵਰਤਣ ਦੀ ਵਿਧੀ

| ਸ਼੍ਰੇਣੀ | ਪੁਸਤਕਾਂ | ਵਿਸ਼ਾ |
|---|---|---|
| ਨਰਸਰੀ | ਗੁਰਮੁਖੀ ਅੱਖਰ ਗਿਆਨ / ਗੁਰਮੁਖੀ ਅੱਖਰ ਕਾਰਡ (ਭਾਗ ਪਹਿਲਾ ਅਤੇ ਦੂਜਾ) | ਪੰਜਾਬੀ |
| ਐਲ.ਕੇ.ਜੀ. | ਗੁਰਮੁਖੀ ਅੱਖਰ ਅਭਿਆਸ | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਪਹਿਲਾ) | ਪੰਜਾਬੀ |
| ਯੂ.ਕੇ.ਜੀ. | ਪੰਜਾਬੀ ਅਭਿਆਸ ਪੁਸਤਕ (ਭਾਗ ਦੂਜਾ) | ਪੰਜਾਬੀ |
| | ਪੰਜਾਬੀ ਅਭਿਆਸ ਪੁਸਤਕ (ਭਾਗ ਤੀਜਾ) | ਪੰਜਾਬੀ |
| | Atam Pargas Art Book (Part 1) | ਡਰਾਇੰਗ |
| ਪਹਿਲੀ | ਪੰਜਾਬੀ ਅਭਿਆਸ ਪੁਸਤਕ (ਭਾਗ ਚੌਥਾ) | ਪੰਜਾਬੀ |
| | Atam Pargas Art Book (Part 2) | ਡਰਾਇੰਗ |
| | Atam Pargas Scrap Book (Part 1) | ਆਰਟਸ / ਸੋਸ਼ਲ ਸਾਇੰਸ |
| ਦੂਜੀ | Atam Pargas Scrap Book (Part 2) | ਆਰਟਸ / ਸੋਸ਼ਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਪਹਿਲਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਪਹਿਲਾ) | ਡਰਾਇੰਗ |
| ਤੀਜੀ | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਦੂਜਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਦੂਜਾ) | ਡਰਾਇੰਗ |
| | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਤੀਜਾ) | ਪੰਜਾਬੀ / ਮੌਰਲ ਸਾਇੰਸ |
| ਚੌਥੀ | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਤੀਜਾ) | ਡਰਾਇੰਗ |
| | ਜੀਵੀਏ ਗੁਰਬਾਣੀ ਨਾਲ - ਸੁਲੇਖ ਮਾਲਾ (ਭਾਗ ਚੌਥਾ) | ਪੰਜਾਬੀ / ਮੌਰਲ ਸਾਇੰਸ |
| | ਜੀਵੀਏ ਗੁਰਬਾਣੀ ਨਾਲ - ਰੰਗ ਮਾਲਾ (ਭਾਗ ਚੌਥਾ) | ਡਰਾਇੰਗ |
| ਪੰਜਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਪਹਿਲਾ) | ਆਰਟਸ / ਮੌਰਲ ਸਾਇੰਸ |
| | Sikh History Cards (Part 1)/ਸਿੱਖ ਇਤਿਹਾਸ ਕਾਰਡ (ਭਾਗ ਪਹਿਲਾ) | ਮੌਰਲ ਸਾਇੰਸ |
| ਛੇਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਦੂਜਾ) | ਆਰਟਸ / ਮੌਰਲ ਸਾਇੰਸ |
| ਸੱਤਵੀਂ | Sikh History Cards (Part 2)/ਸਿੱਖ ਇਤਿਹਾਸ ਕਾਰਡ (ਭਾਗ ਦੂਜਾ) | ਮੌਰਲ ਸਾਇੰਸ |
| ਅੱਠਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਤੀਜਾ) | ਆਰਟਸ / ਮੌਰਲ ਸਾਇੰਸ |
| ਨੌਵੀਂ | ਜੀਵੀਏ ਗੁਰਬਾਣੀ ਨਾਲ - ਚਿੱਤਰ ਮਾਲਾ (ਭਾਗ ਚੌਥਾ) | ਆਰਟਸ / ਮੌਰਲ ਸਾਇੰਸ |

## ਆਤਮ ਪਰਗਾਸ ਰਾਸ਼ਟਰੀ ਸਰਬੋਤਮ ਸਕੂਲ ਸਨਮਾਨ

ਨਰੋਏ ਸਮਾਜ ਦੀ ਸਿਰਜਣਾ ਲਈ ਵਿਧੀ-ਵਿਉਂਤ ਨਾਲ ਕਾਰਜਸ਼ੀਲ ਹੋ ਕੇ ਅੱਵਲ ਕਾਰਗੁਜ਼ਾਰੀ ਕਰਨ ਵਾਲੇ ਸਕੂਲ ਨੂੰ 'ਸਾਲਾਨਾ ਰਾਸ਼ਟਰੀ ਵਿੱਦਿਅਕ ਕਾਨਫ਼ਰੰਸ' ਸਮੇਂ ਸਨਮਾਨ ਪੱਤਰ ਅਤੇ 25,000/- ਰੁਪਏ ਦੇ ਸਨਮਾਨ ਨਾਲ ਨਿਵਾਜਿਆ ਜਾਂਦਾ ਹੈ। ਇਸ ਸਨਮਾਨ ਵਿਚ ਭਾਗ ਲੈਣ ਲਈ ਚਾਹਵਾਨ ਪ੍ਰਿੰਸੀਪਲ ਸਾਹਿਬਾਨ ਆਪਣੇ ਵਿੱਦਿਅਕ ਅਦਾਰੇ ਦੀ ਰਜਿਸਟਰੇਸ਼ਨ www.atampargas.org ਤੇ ਕਰਵਾ ਕੇ ਕਾਰਜਸ਼ੀਲ ਹੋ ਸਕਦੇ ਹਨ।

# ਆਤਮ ਪਰਗਾਸ ਪੁਸਤਕ ਸੀਰੀਜ਼

ਆਤਮ ਪਰਗਾਸ ਸੋਸ਼ਲ ਵੈਲਫ਼ੇਅਰ ਕੌਂਸਲ ਵੱਲੋਂ ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਨੈਤਿਕ ਸਿੱਖਿਆ ਪ੍ਰਦਾਨ ਕਰਨ ਲਈ ਦੋ ਦਰਜਨ ਤੋਂ ਵੱਧ ਆਕਰਸ਼ਕ ਪੁਸਤਕਾਂ ਦੀ ਵਿਸ਼ੇਸ਼ ਸੀਰੀਜ਼ ਪ੍ਰਕਾਸ਼ਿਤ ਕੀਤੀ ਗਈ ਹੈ। ਇਨ੍ਹਾਂ ਨਿਮਨਲਿਖਤ ਪੁਸਤਕਾਂ ਨੂੰ ਨਰਸਰੀ ਤੋਂ ਨੌਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਪੰਜਾਬੀ, ਆਰਟਸ, ਡਰਾਇੰਗ, ਮੌਰਲ ਸਾਇੰਸ ਅਤੇ ਸੋਸ਼ਲ ਸਾਇੰਸ ਦੇ ਵਿਸ਼ਿਆਂ ਵਿਚ ਪਿਛਲੇ ਪੰਨੇ ਤੇ ਦਿੱਤੀ ਸਾਰਨੀ ਅਨੁਸਾਰ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ਹੈ:




**ਗੁਰਮੁਖੀ ਅੱਖਰ ਗਿਆਨ / ਗੁਰਮੁਖੀ ਅੱਖਰ ਕਾਰਡ (ਦੋ ਭਾਗ):** ਇਨ੍ਹਾਂ ਆਕਰਸ਼ਕ ਅਤੇ ਰੰਗਦਾਰ ਪ੍ਰਕਾਸ਼ਨਾਵਾਂ ਦੀ ਵਰਤੋਂ ਨਾਲ ਵਿਦਿਆਰਥੀ ਖੇਡ-ਖੇਡ ਵਿਚ ਗੁਰਮੁਖੀ ਅੱਖਰਾਂ ਦੀ ਬਣਤਰ ਸੰਬੰਧੀ ਜਾਣੂ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਉਚਾਰਨ ਸੰਬੰਧੀ ਵੀ ਗਿਆਨ ਹਾਸਲ ਕਰ ਸਕਣਗੇ। ਇਨ੍ਹਾਂ ਪ੍ਰਕਾਸ਼ਨਾਵਾਂ ਦੀ ਖ਼ੂਬੀ ਹੈ ਕਿ ਗੁਰਮੁਖੀ ਲਿੱਪੀ ਦੇ ਹਰ ਅੱਖਰ ਅਤੇ ਹਰ ਅੱਖਰ ਤੋਂ ਅਰੰਭ ਹੁੰਦੇ ਸ਼ਬਦ ਦਾ ਉਚਾਰਨ ਅਤੇ ਅਰਥ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਵੀ ਉਪਲੱਬਧ ਹਨ।




**ਗੁਰਮੁਖੀ ਅੱਖਰ ਅਭਿਆਸ ਅਤੇ ਪੰਜਾਬੀ ਅਭਿਆਸ ਪੁਸਤਕ (ਚਾਰ ਭਾਗ):** ਪੰਜਾਬੀ ਸਿੱਖਣ ਦੇ ਚਾਹਵਾਨ ਵਿਦਿਆਰਥੀਆਂ ਲਈ ਇਹ ਅਮੋਲਕ ਰੰਗਦਾਰ ਪ੍ਰਕਾਸ਼ਨਾਵਾਂ ਹਨ। ਇਨ੍ਹਾਂ ਦੀ ਸਹਾਇਤਾ ਨਾਲ ਵਿਦਿਆਰਥੀ ਪੰਜਾਬੀ ਅੱਖਰਾਂ ਨੂੰ ਲਿਖਣ ਤੋਂ ਲੈ ਕੇ ਸ਼ਬਦ ਜੋੜ ਬਣਾਉਣ ਅਤੇ ਲਗਾਂ-ਮਾਤਰਾਂ ਦੀ ਵਰਤੋਂ ਦਾ ਗਿਆਨ ਵੀ ਹਾਸਲ ਕਰ ਸਕਣਗੇ। ਪੰਜਾਬੀ ਸਿੱਖਣ ਦੇ ਨਾਲ-ਨਾਲ ਆਪਣੇ ਵਿਰਸੇ ਦੀ ਅਮੀਰ ਸ਼ਬਦਾਵਲੀ ਨਾਲ ਜਾਣ-ਪਹਿਚਾਣ ਬਣਾਉਣ ਲਈ ਇਹ ਇੱਕ ਮੁਕੰਮਲ ਸਿਲੇਬਸ ਹੈ। ਪੁਸਤਕਾਂ ਵਿਚ ਵਰਤੇ ਹਰ ਸ਼ਬਦ ਦਾ ਉਚਾਰਨ ਅਤੇ ਅਰਥ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿਚ ਉਪਲੱਬਧ ਹਨ। ਪੰਜਾਬੀ ਨਾ ਜਾਣਨ ਵਾਲੇ ਵਿਦਿਆਰਥੀ ਵੀ ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਲਾਭ ਪ੍ਰਾਪਤ ਕਰ ਸਕਦੇ ਹਨ।




**ਆਤਮ ਪਰਗਾਸ ਆਰਟ ਬੁੱਕ (ਦੋ ਭਾਗ):** ਵਿਦਿਆਰਥੀਆਂ ਨੂੰ ਖੇਡ ਕਲਾ ਰਾਹੀਂ ਆਪਣੇ ਅਮੀਰ ਸੱਭਿਆਚਾਰ ਨਾਲ ਜੋੜਨ ਦਾ ਇਹ ਇੱਕ ਨਵੇਕਲਾ ਉਪਰਾਲਾ ਹੈ। ਇਨ੍ਹਾਂ ਰੰਗਦਾਰ ਪੁਸਤਕਾਂ ਰਾਹੀਂ ਵਿਦਿਆਰਥੀਆਂ ਨੂੰ ਰੰਗ ਕਲਾ ਦਾ ਅਭਿਆਸ ਕਰਵਾਉਂਦਿਆਂ ਅਮੀਰ ਵਿਰਸੇ ਨਾਲ ਜੋੜਨ ਦਾ ਉਪਰਾਲਾ ਹੈ।




**ਆਤਮ ਪਰਗਾਸ ਸਕਰੈਪ ਬੁੱਕ (ਦੋ ਭਾਗ):** ਵਿਦਿਆਰਥੀਆਂ ਨੂੰ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਆਪਣੇ ਵਿਰਸੇ ਦੀਆਂ ਅਮੀਰ ਪ੍ਰੰਪਰਾਵਾਂ ਨਾਲ ਜੋੜਨ ਲਈ ਇਹ ਆਕਰਸ਼ਕ ਪੁਸਤਕਾਂ ਹਨ। ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਰੰਗਦਾਰ ਤਸਵੀਰਾਂ ਪੁਸਤਕਾਂ ਦੇ ਵਿਚ ਹੀ ਉਪਲੱਬਧ ਹਨ। ਵਿਦਿਆਰਥੀਆਂ ਨੇ ਇਨ੍ਹਾਂ ਤਸਵੀਰਾਂ ਨੂੰ ਕੱਟ ਕੇ ਸਕਰੈਪ ਬੁੱਕ ਵਿਚ ਸਜਾਉਣਾ ਹੈ।




**ਜੀਵੀਏ ਗੁਰਬਾਣੀ ਨਾਲ ਸੁਲੇਖ ਮਾਲਾ (ਚਾਰ ਭਾਗ):** ਇੱਕ ਵਿਸ਼ੇਸ਼ ਕਿਸਮ ਦੀ ਸੁਲੇਖ ਹੈ ਜਿਸ ਵਿਚ ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਸਮੇਂ ਤੱਕ ਸਾਡੀ ਨਿੱਤ ਦੀ ਜ਼ਿੰਦਗੀ ਨੂੰ ਗੁਰਬਾਣੀ ਅਨੁਸਾਰ ਜਿਊਣ ਲਈ ਸੇਧ ਦੇਣ ਵਾਲੇ ਪ੍ਰੇਰਨਾਮਈ ਗੁਰ ਫ਼ਰਮਾਨ ਅਤੇ ਉਨ੍ਹਾਂ ਦੇ ਅਰਥ ਦਿੱਤੇ ਗਏ ਹਨ। ਉੱਤਮ ਕਾਗਜ਼ ਤੇ ਪਾਏ ਪੂਰਨਿਆਂ ਉੱਪਰ ਵਿਦਿਆਰਥੀਆਂ ਨੇ ਇਹ ਗੁਰ ਫ਼ਰਮਾਨ ਸੁੰਦਰ ਲਿਖਾਈ ਵਿਚ ਲਿਖਣੇ ਹਨ। ਇਨ੍ਹਾਂ ਪੁਸਤਕਾਂ ਰਾਹੀਂ ਜਿੱਥੇ ਵਿਦਿਆਰਥੀਆਂ ਦੀ ਲਿਖਾਈ ਸੁਧਾਰਨ ਦਾ ਯਤਨ ਹੈ ਉੱਥੇ ਲਿਖਦਿਆਂ-2 ਗੁਰਬਾਣੀ ਦੇ ਫ਼ਰਮਾਨ ਕੰਠ ਹੋਣ ਦੇ ਨਾਲ-ਨਾਲ ਨੈਤਿਕਤਾ ਦੀ ਗੁੜ੍ਹਤੀ ਦੇਣ ਦੀ ਵੀ ਆਸ਼ਾ ਹੈ।




**ਜੀਵੀਏ ਗੁਰਬਾਣੀ ਨਾਲ ਰੰਗ ਮਾਲਾ (ਚਾਰ ਭਾਗ):** ਇਨ੍ਹਾਂ ਪੁਸਤਕਾਂ ਵਿਚ ਰੋਜ਼ਾਨਾ ਦੀ ਜ਼ਿੰਦਗੀ ਵਿਚ ਮਾਰਗ ਦਰਸ਼ਨ ਕਰਦੇ ਗੁਰਬਾਣੀ ਦੇ ਫ਼ਰਮਾਨਾਂ ਨੂੰ ਦਰਸਾਉਂਦੀਆਂ ਤਸਵੀਰਾਂ ਵਿਚ ਵਿਦਿਆਰਥੀਆਂ ਨੇ ਰੰਗ ਭਰਨੇ ਹਨ। ਇਲਾਹੀ ਸੁਨੇਹਿਆਂ ਨੂੰ ਦਰਸਾਉਂਦੀਆਂ ਇਨ੍ਹਾਂ ਤਸਵੀਰਾਂ ਨੂੰ ਜਦੋਂ ਵਿਦਿਆਰਥੀ ਰੰਗਾਂ ਨਾਲ ਸਜਾਉਣਗੇ ਤਾਂ ਰੰਗਾਂ ਦੀ ਇਸ ਖੇਡ ਵਿਚ ਉਨ੍ਹਾਂ ਦੇ ਜੀਵਨ ਨੂੰ ਨੈਤਿਕਤਾ ਦੀ ਰੰਗਣ ਦਾ ਮਜੀਠ ਰੰਗ ਵੀ ਚੜ੍ਹ ਜਾਵੇਗਾ।

**ਜੀਵੀਏ ਗੁਰਬਾਣੀ ਨਾਲ ਚਿੱਤਰ ਮਾਲਾ (ਚਾਰ ਭਾਗ):** ਇਨ੍ਹਾਂ ਪੁਸਤਕਾਂ ਦੇ ਹਰੇਕ ਸਬਕ ਵਿਚ ਗੁਰਬਾਣੀ ਦੇ ਫ਼ਰਮਾਨਾਂ ਦੇ ਨਾਲ-ਨਾਲ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿਚ ਅਰਥ ਦਿੱਤੇ ਗਏ ਹਨ। ਹਰ ਸਬਕ ਲਈ ਦੋ-ਦੋ ਪੰਨੇ ਹਨ। ਇੱਕ ਪੰਨੇ ਉੱਪਰ ਵਿਦਿਆਰਥੀਆਂ ਨੇ ਗੁਰਬਾਣੀ ਵਿਚ ਦਰਸਾਈ ਗਈ ਭਾਵਨਾ ਨੂੰ ਆਪਣੇ ਸ਼ਬਦਾਂ ਵਿਚ ਲਿਖਣਾ ਹੈ ਅਤੇ ਦੂਸਰੇ ਪੰਨੇ ਤੇ ਪੈਨਸਲ ਨਾਲ ਚਿੱਤਰ ਤਿਆਰ ਕਰਨਾ ਹੈ।







ਸੁਲੇਖ ਮਾਲਾ ਵਿਚ ਲਿਖੇ ਅਤੇ ਰੰਗ ਮਾਲਾ ਵਿਚ ਰੰਗੇ ਸੁਨੇਹਿਆਂ ਨੂੰ ਜਦੋਂ ਵਿਦਿਆਰਥੀ ਚਿੱਤਰ ਮਾਲਾ ਦੇ ਇੱਕ ਪੰਨੇ ਤੇ ਚਿਤਰਨ ਦੇ ਨਾਲ-ਨਾਲ ਦੂਸਰੇ ਪੰਨੇ ਤੇ ਇਨ੍ਹਾਂ ਵਿਸ਼ਿਆਂ ਦੀ ਵਿਆਖਿਆ ਆਪਣੇ ਸ਼ਬਦਾਂ ਵਿਚ ਲਿਖਣਗੇ ਤਾਂ ਉਨ੍ਹਾਂ ਨੂੰ ਸਿਧਾਂਤ ਦ੍ਰਿੜ੍ਹ ਹੋਣ ਦੇ ਨਾਲ-ਨਾਲ ਪੜ੍ਹੀ ਸੁਣੀ ਗੱਲ ਨੂੰ ਆਪਣੇ ਸ਼ਬਦਾਂ ਵਿਚ ਕਹਿ ਸਕਣ ਅਤੇ ਜ਼ਿੰਦਗੀ ਵਿਚ ਅਪਣਾਉਣ ਦਾ ਆਤਮ ਵਿਸ਼ਵਾਸ਼ ਵੀ ਪਰਪੱਕ ਹੋ ਜਾਵੇਗਾ।

**ਸਿੱਖ ਇਤਿਹਾਸ ਕਾਰਡ (ਦੋ ਭਾਗ) :** ਇਨ੍ਹਾਂ ਆਕਰਸ਼ਕ ਅਤੇ ਰੰਗਦਾਰ ਪ੍ਰਕਾਸ਼ਨਾਵਾਂ ਵਿਚ ਪ੍ਰੇਰਨਾਮਈ ਇਤਿਹਾਸਿਕ ਤਸਵੀਰਾਂ ਅਤੇ ਉਨ੍ਹਾਂ ਸੰਬੰਧੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਨ੍ਹਾਂ ਪ੍ਰਕਾਸ਼ਨਾਵਾਂ ਦੇ ਅਧਿਐਨ ਨਾਲ ਵਿਦਿਆਰਥੀ ਸਾਡੇ ਇਤਿਹਾਸ ਦੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਦੇ ਜਾਣੂ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨ ਤੋਂ ਨੈਤਿਕ ਪ੍ਰੇਰਨਾਵਾਂ ਹਾਸਲ ਕਰਕੇ ਸਚਿਆਰ ਮਨੁੱਖ ਵਜੋਂ ਵਿਕਸਿਤ ਹੋ ਸਕਣਗੇ।




